# ਮਾਤਰਾ ਨਿਰਧਾਰਤ ਕਰਨਾ

## ਚੋਣ ਬੋਰਡ

ਆਪਣੇ ਬੱਚੇ ਨੂੰ ਹੇਠਾਂ ਦਿਖਾਈਆਂ ਗਈਆਂ ਗਤੀਵਿਧੀਆਂ ਵਿੱਚੋਂ ਇੱਕ ਜਾਂ ਵੱਧ ਦੀ ਚੋਣ ਕਰਨ ਲਈ ਆਖੋ। ਚੋਣ ਕਰਨਾ ਅਤੇ ਉਸਦਾ ਅਨੁਸਰਨ ਕਰਨਾ, ਬੌਧਿਕ ਅਤੇ ਸਮਾਜਿਕ ਮਾਨਸਿਕ ਵਿਕਾਸ ਲਈ ਮਹੱਤਵਪੂਰਣ ਕੁਸ਼ਲਤਾਵਾਂ ਹਨ। **ਇਹ ਪਤਾ ਲਗਾਉਣ ਲਈ ਕਿ ਤੁਹਾਡਾ ਬੱਚਾ ਮਾਤਰਾ ਨਿਰਧਾਰਤ ਕਰਨ ਬਾਰੇ ਕੀ ਜਾਣਦਾ ਹੈ, ਹੇਠਾਂ ਦਿੱਤੀਆਂ ਗਤੀਵਿਧੀਆਂ ਵਿੱਚੋਂ ਚੋਣ ਕਰੋ।**

### ਪੁੱਛਣ ਲਈ ਸਵਾਲ:

- ਜਦੋਂ ਛੋਟੀਆਂ ਸੰਖਿਆਵਾਂ (1–5) ਵਿੱਚ ਵਸਤਾਂ ਦਿਖਾਈਆਂ ਜਾਣ, ਤਾਂ ਕੀ ਤੁਹਾਡਾ ਬੱਚਾ ਬਿਨਾਂ ਗਿਣੇ ਪਛਾਣ ਸਕਦਾ ਹੈ ਕਿ ਉਹ ਕਿੰਨੀਆਂ ਹਨ? ਤੁਹਾਡਾ ਬੱਚਾ ਕਿੰਨੀਆਂ ਵਸਤਾਂ ਪਛਾਣ ਸਕਦਾ ਹੈ?
- ਜਦੋਂ ਵਸਤਾਂ ਦੇ ਦੋ ਸੈੱਟ ਦਿੱਤੇ ਜਾਣ, ਤਾਂ ਕੀ ਤੁਹਾਡਾ ਬੱਚਾ ਸਾਰੀਆਂ ਨੂੰ ਗਿਣ ਕੇ ਜਾਂ ਗਿਣਦੇ ਹੋਏ ਕੁੱਲ ਸੰਖਿਆ ਦੱਸ ਸਕਦਾ ਹੈ?

| | | | |
|---|---|---|---|
| ਪਰਿਵਾਰ ਲਈ ਸੁਝਾਅ: ਬੱਚੇ ਨੂੰ ਬਿਨਾਂ ਗਿਣੇ ਇਹ ਪਛਾਣਨ ਲਈ ਉਤਸ਼ਾਹਿਤ ਕਰੋ ਕਿ ਵਸਤਾਂ ਦੇ ਛੋਟੇ ਸੈੱਟ ਕਿੰਨੇ ਹਨ। ਬੱਚਿਆਂ ਨੂੰ ਵਸਤਾਂ ਗਿਣਨ ਦਿਓ ਅਤੇ ਦੋ ਸੰਖਿਆਵਾਂ ਦੇ ਵਿਚਕਾਰ ਕੁੱਲ ਸੰਖਿਆ ਜਾਣਨ ਲਈ ਉਹਨਾਂ ਦੀ ਉਂਗਲੀਆਂ ਦੀ ਵਰਤੋਂ ਕਰੋ। | ਛਾਂਟਣਾ: ਕਿਸੇ ਵੀ ਛੋਟੀ ਵਸਤੂ ਦਾ ਛੋਟੇ ਸੰਗ੍ਰਹਿ ਪਤਾ ਕਰੋ (ਬਟਨ, ਸਿੱਕੇ, ਪੱਥਰ)। ਬੱਚੇ ਨੂੰ ਵਸਤਾਂ ਛਾਂਟਣ ਦਾ ਤਰੀਕਾ ਨਿਰਧਾਰਤ ਕਰਨ ਲਈ ਆਖੋ। ਬੱਚੇ ਨੂੰ ਵਸਤਾਂ ਛਾਂਟਣ ਅਤੇ ਭਾਗਾਂ/ਸਮੂਹਾਂ ਬਾਰੇ ਗੱਲ ਕਰਨ ਲਈ ਆਖੋ। ਹਰੇਕ ਸਮੂਹ ਵਿੱਚ ਕਿੰਨੀਆਂ ਵਸਤਾਂ ਹਨ? ਸਾਰਿਆਂ ਵਿੱਚ ਕਿੰਨੀਆਂ ਵਸਤਾਂ ਹਨ? ਕੀ ਤੁਸੀਂ ਉਹਨਾਂ ਨੂੰ ਛਾਂਟਣ ਦਾ ਕੋਈ ਹੋਰ ਤਰੀਕਾ ਲੱਭ ਸਕਦੇ ਹੋ? | ਅੰਦਰ/ਬਾਹਰ: ਦਸ ਤੱਕ ਛੋਟੀਆਂ ਵਸਤਾਂ ਇਕੱਤਰ ਕਰੋ, ਜਿਹਨਾਂ ਨੂੰ ਸੁਰੱਖਿਅਤ ਰੂਪ ਨਾਲ ਉਛਾਲਿਆ ਜਾ ਸਕੇ। ਕਾਫ਼ੀ ਵੱਡਾ ਡੱਬਾ ਰੱਖੋ, ਜਿਸਦੇ ਵਿੱਚ ਅਰਾਮ ਨਾਲ ਵਸਤਾਂ ਨੂੰ ਉਛਾਲਿਆ ਜਾ ਸਕੇ ਜਾਂ ਫਰਸ਼ ਡਾਂ ਜ਼ਮੀਨ ਉੱਤੇ ਚੱਕਰ ਬਣਾਉਣ ਦਾ ਤਰੀਕਾ ਲੱਭੋ (ਹੂਲਾ ਹੂਪ, ਰੱਸੀ, ਮਿੱਟੀ ਵਿੱਚ ਚੱਕਰ ਬਣਾਓ)। ਡੱਬੇ ਜਾਂ ਚੱਕਰ ਵਿੱਚ ਵਸਤਾਂ ਨੂੰ ਵਾਰੀ-ਵਾਰੀ ਨਾਲ ਉਛਾਲੋ। ਇਸ ਬਾਰੇ ਗੱਲ ਕਰੋ ਕਿ ਕਿੰਨੀ ਵਸਤਾਂ ਅੰਦਰ ਹਨ ਅਤੇ ਕਿੰਨੀਆਂ ਬਾਹਰ ਹਨ। ਪੁੱਛੋ ਕਿ ਕਿੱਥੇ ਵੱਧ ਹਨ ਅਤੇ ਕਿੱਥੇ ਘੱਟ ਹਨ। | ਲੁਕੀਆਂ ਵਸਤਾਂ: ਬੱਚੇ ਨਾਲ ਇਕੱਠੇ ਪੰਜ ਵਸਤਾਂ ਗਿਣੋ। ਆਖੋ, "ਆਪਣੀਆਂ ਅੱਖਾਂ ਬੰਦ ਕਰੋ।" ਪੰਜ ਵਸਤਾਂ ਵਿੱਚੋਂ ਕੁਝ ਨੂੰ ਕਵਰ ਦੇ ਅੰਦਰ ਰੱਖੋ ਅਤੇ ਬਾਕੀ ਵਸਤਾਂ ਨੂੰ ਦਿੱਸਦਾ ਛੱਡ ਦਿਓ। ਬੱਚੇ ਨੂੰ ਦੱਸੋ ਕਿ ਉਹ "ਵਾਹ!" (ਜਾਂ ਕੋਈ ਹੋਰ ਮਜ਼ੇਦਾਰ ਸ਼ਬਦ) ਆਖੇ ਅਤੇ ਆਪਣੀਆਂ ਅੱਖਾਂ ਖੋਲ੍ਹ ਲਵੇ। ਆਖੋ, "ਤੁਹਾਨੂੰ ਕਿੰਨੀਆਂ [ਵਸਤਾਂ ਦਾ ਨਾਮ] ਦਿਖਾਈ ਦੇ ਰਹੀਆਂ ਹਨ?" ਪੁੱਛੋ, "ਤੁਹਾਡੇ ਖਿਆਲ ਵਿੱਚ ਕਵਰ ਦੇ ਹੇਠਾਂ ਕਿੰਨੀਆਂ [ਵਸਤਾਂ ਦਾ ਨਾਮ] ਲੁਕੀਆਂ ਹੋਈਆਂ ਹਨ?" ਕਵਰ ਹਟਾਓ ਅਤੇ ਪੁੱਛੋ, "ਇਹ ਸਾਰੀਆਂ ਕਿੰਨੀਆਂ ਹਨ?" ਪੁੱਛੋ ਕਿ ਕਿਹੜੇ ਸਮੂਹ ਕੋਲ ਵੱਧ, ਘੱਟ ਜਾਂ ਬਰਾਬਰ ਮਾਤਰਾ ਵਿੱਚ ਹਨ। 10 ਤੱਕ ਦੀਆਂ ਵੱਡੀਆਂ ਡਾਂ ਛੋਟੀਆਂ ਮਾਤਰਾਵਾਂ ਸਮਾਯੋਜਿਤ ਕਰੋ। |
| ਕਿੰਨੀਆਂ ਉਂਗਲਾਂ? ਤਿੰਨ ਸਕਿੰਟਾਂ ਤੱਕ ਕੁਝ (2-10) ਉਂਗਲੀਆਂ ਫੜ੍ਹ ਕੇ ਰੱਖੋ। ਬੱਚੇ ਨੂੰ ਪੁੱਛੋ "ਕਿੰਨੀਆਂ?" ਇਹ ਨਿਰਧਾਰਤ ਕਰਨ ਲਈ ਕਿ ਕੀ ਉਹ ਬਿਨਾਂ ਗਿਣੇ ਉਹਨਾਂ ਦੀ ਸੰਖਿਆ ਪਛਾਣ ਸਕਦਾ/ਸਕਦੀ ਹੈ। | ਸਰੀਰ ਦੇ ਅੰਗ: ਆਪਣੇ ਬੱਚੇ ਨੂੰ ਇਹ ਪਤਾ ਲਗਾਉਣ ਦਾ ਤਰੀਕਾ ਲੱਭਣ ਲਈ ਆਖੋ ਕਿ ਪਰਿਵਾਰ ਵਿੱਚ ਕਿੰਨੀਆਂ ਅੱਖਾਂ, ਬਾਹਾਂ ਜਾਂ ਲੱਤਾਂ ਹਨ। | ਤੁਰੰਤ ਚਿੱਤਰ: ਕਾਗਜ਼ ਉੱਤੇ 5 ਤੱਕ ਬਿੰਦੀਆਂ ਉਲੀਕੋ ਅਤੇ ਉਹਨਾਂ ਨੂੰ ਲੁਕਾ ਦਿਓ। ਇਹ ਦੇਖਣ ਲਈ 3 ਸਕਿੰਟਾਂ ਤੱਕ ਬਿੰਦੀਆਂ ਤੋਂ ਹੱਥ ਹਟਾਓ ਕਿ ਕੀ ਬੱਚਾ ਉਹਨਾਂ ਦੀ ਸੰਖਿਆ ਪਛਾਣ ਸਕਦਾ ਹੈ। ਵੱਖ-ਵੱਖ ਸੰਖਿਆਵਾਂ ਨਾਲ ਕੋਸ਼ਿਸ਼ ਕਰੋ। | |